

# ਵੀਜ਼ਾ ਰੱਦ ਹੋਣਾ ਕੀ ਹੁੰਦਾ ਹੈ?

ਜਦੋਂ ਕਿਸੇ ਦਾ ਵੀਜ਼ਾ ਕੈਂਸਲ (ਰੱਦ) ਹੋ ਜਾਂਦਾ ਹੈ, ਤਾਂ ਇਸਦਾ ਮਤਲਬ ਇਹ ਹੁੰਦਾ ਹੈ ਕਿ ਉਨਹ੍ਹਾਂ ਕੋਲ ਹੁਣ ਉਹ ਵੀਜ਼ਾ ਨਹੀਂ ਹੈ ਜਿਹਨੂੰ ਕੈਂਸਲ ਕਰ ਦਿੱਤਾ ਗਿਆ ਹੈ ਅਤੇ ਉਹ ਉਸ ਵੀਜ਼ਾ ਤੇ ਆਸਟਰੇਲੀਆ ਵਿੱਚ ਨਾ ਤਾਂ ਰਹਿ ਸਕਦਾ ਹੈ ਨਾ ਆਸਟਰੇਲੀਆ ਆ ਸਕਦਾ ਹੈ। ਵੀਜ਼ਾ ਕਿਸੇ ਨਿਰਣੇ ਦੇ ਤਹਿਤ, ਜਰੂਰੀ ਤੌਰ ਤੇ ਜਾਂ ਕਿਸੇ ਕਾਨੂੰਨ ਦੇ ਤਹਿਤ ਕੈਂਸਲ ਕੀਤਾ ਜਾ ਸਕਦਾ ਹੈ। ਵੀਜ਼ਾ ਕੈਂਸਲ ਹੋਣ ਤੇ **ਹੋ ਸਕਦਾ ਹੈ** ਕਿ ਉਹ ਵਿਅਕਤੀ ਆਸਟਰੇਲੀਆ ਵਿੱਚ ਗ਼ੈਰ-ਕਾਨੂੰਨੀ ਹੋ ਜਾਵੇ, ਭਵਿੱਖ ਵਿੱਚ ਪਾਈਆਂ ਜਾਣ ਵਾਲੀਆਂ ਕੁਝ ਅਰਜੀਆਂ ਤੇ ਅਸਰ ਪਵੇ ਜਾਂ ਉਸ ਵਿਅਕਤੀ ਨੂੰ ਕੁੱਝ ਖ਼ਾਸ ਪਰ੍ਕਾਰ ਦੇ ਵੀਜ਼ੇ ਮਿਲਣ ਤੇ ਰੋਕ ਲੱਗ ਸਕਦੀ ਹੈ।

ਇਹ ਜਰੂਰੀ ਹੈ ਕਿ ਤੁਸੀ ਡਿਪਾਰਟਮੈਂਟ ਆਫ ਹੋਮ ਅਫੇਅਰਸ (ਪਰਵਾਸੀ ਮਾਮਲਿਆਂ ਦੇ ਵਿਭਾਗ) ਦੇ ਨਾਲ ਆਪਣੇ ਸੰਪਰਕ ਵੇਰਵੇ ਹਮੇਸ਼ਾ ਸਹੀ ਰੱਖੋ ਤਾਂ ਕਿ ਉਹਨਾਂ ਵੱਲੋਂ ਆਉਣ ਵਾਲੀ ਕੋਈ ਵੀ ਸੂਚਨਾ ਜਾਂ ਪੱਤਰ ਮਿਲਣ ਤੋਂ ਚੂਕ ਨਾ ਹੋ ਜਾਵੇ।

## ਕੈਂਸਲ ਕਰਨ ਦੇ ਇਰਾਦੇ ਦਾ ਨੋਟਿਸ

ਜੇਕਰ ਡਿਪਾਰਟਮੈਂਟ ਆਫ ਹੋਮ ਅਫੇਅਰਸ ਤੁਹਾਡਾ ਵੀਜ਼ਾ ਕੈਂਸਲ ਕਰਨ ਉੱਤੇ ਵਿਚਾਰ ਕਰ ਰਿਹਾ ਹੈ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਡਿਪਾਰਟਮੈਂਟ ਆਫ ਹੋਮ ਅਫੇਅਰਸ ਤੋਂ 'ਨੋਟਿਸ ਆਫ ਇੰਟੈਂਸ਼ਨ ਟੂ ਕੈਂਸਲ' (ਕੈਂਸਲ ਕਰਨ ਦੇ ਇਰਾਦੇ ਦਾ ਨੋਟਿਸ) ਪਰਾਪਤ ਹੋਵੇਗਾ। ਸਥਾਈ ਅਤੇ ਅਸਥਾਈ ਦੋਨਾਂ ਤਰੀਕੇ ਦੇ ਵੀਜ਼ੇ ਕੈਂਸਲ ਕੀਤੇ ਜਾ ਸਕਦੇ ਹਨ। ਇਸ ਨੋਟਿਸ ਦਾ ਜਵਾਬ ਦੇਣ ਦੀ ਸਮੇਂ-ਸੀਮਾ ਬਹੁਤ ਸਖਤ ਹੁੰਦੀ ਹੈ ਅਤੇ 5 ਕੰਮਕਾਜੀ ਦਿਨਾਂ ਜਿੰਨੀ ਘੱਟ ਵੀ ਹੋ ਸਕਦੀ ਹੈ। ਕੋਈ ਜਵਾਬ ਨਾ ਦੇਣ ਤੇ ਡਿਪਾਰਟਮੈਂਟ ਆਫ ਹੋਮ ਅਫੇਅਰਸ ਵੀਜ਼ਾ ਕੈਂਸਲ ਕਰਨ ਦਾ ਫੈਸਲਾ ਲੈ ਸਕਦੇ ਹਨ। ਨੋਟਿਸ ਨੂੰ ਪੜ੍ਹਨਾ ਬਹੁਤ ਜਰੂਰੀ ਹੈ ਤਾਂ ਕਿ ਇਹ ਪਤਾ ਚੱਲ ਸਕੇ ਕਿ ਜਵਾਬ ਦੇ ਲਈ ਤੁਹਾਡੇ ਕੋਲ ਸਹੀ ਸਮੇਂ-ਸੀਮਾ ਕੀ ਹੈ।

ਜੇ ਨੋਟਿਸ ਤੁਹਾਨੂੰ ਹੱਥੋਂ-ਹੱਥ ਫੜਾਇਆ ਗਿਆ ਹੈ ਤਾਂ ਤੁਹਾਡਾ ਵੀਜ਼ਾ ਉਸੇ ਵਕਤ ਕੈਂਸਲ (ਰੱਦ) ਕੀਤਾ ਜਾ ਸਕਦਾ ਹੈ ਜੇ ਅਜਿਹਾ ਹੁੰਦਾ ਹੈ ਤਾਂ ਜਵਾਬ ਦੇਣ ਦੇ ਲਈ ਉਚਿਤ ਸਮਾਂ ਮੰਗੋ।

## ਜੇਕਰ ਤੁਹਾਨੂੰ ਕੈਂਸਲ ਕਰਨ ਦੇ ਇਰਾਦੇ ਦਾ ਨੋਟਿਸ ਮਿਲਦਾ ਹੈ ਤਾਂ ਇਹ ਕਦਮ ਚੁੱਕੋ

1. ਨੋਟਿਸ ਨੂੰ ਚੰਗੀ ਤਰਹ੍ਹਾਂ ਨਾਲ ਪੜ੍ਹੋ ਅਤੇ ਧਿਆਨ ਦਿਉ ਕਿ ਸਬੰਧਤ ਜਵਾਬ ਦੇਣ ਦੇ ਲਈ ਕੀ ਸਮੇਂ-ਸੇਮਾ ਦਿੱਤੀ ਗਈ ਹੈ।
2. ਸਲਾਹ ਲਈ ਤੁਰੰਤ ਹੀ ਕਿਸੇ ਪਰਵਾਸੀ ਮਾਮਲਿਆਂ ਦੇ ਵਕੀਲ ਜਾਂ ਏਜੰਟ ਦੇ ਨਾਲ ਸੰਪਰਕ ਕਰੋ।
3. ਤੁਹਾਡੇ ਵਕੀਲ/ਏਜੰਟ ਦੀ ਸਹਾਇਤਾ ਨਾਲ ਡਿਪਾਰਟਮੈਂਟ ਆਫ ਹੋਮ ਅਫੇਅਰਸ (ਪਰਵਾਸੀ ਮਾਮਲਿਆਂ ਦੇ ਵਿਭਾਗ) ਨੂੰ ਕੈਂਸਲ ਕਰਨ ਦੇ ਇਰਾਦੇ ਦੇ ਨੋਟਿਸ ਦੀ ਸਮੇਂ-ਸੀਮਾ ਦੇ ਅੰਦਰ-ਅੰਦਰ ਜਵਾਬ ਭੇਜੋ।

MIGRANT WORKERS CENTRE

migrantworkers.org.au
mwc@migrantworkers.org.au
03 7009 6710

@mwcvic

# ਕੈਂਸਲ ਕਰਨ ਦੇ ਇਰਾਦੇ ਦਾ ਨੋਟਿਸ

!

ਜੇਕਰ ਡਿਪਾਰਟਮੈਂਟ ਆਫ ਹੋਮ ਅਫੇਅਰਸ ਤੁਹਾਡਾ ਵੀਜ਼ਾ ਕੈਂਸਲ ਕਰਨ ਉੱਤੇ ਵਿਚਾਰ ਕਰ ਰਿਹਾ ਹੈ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਡਿਪਾਰਟਮੈਂਟ ਆਫ ਹੋਮ ਅਫੇਅਰਸ ਤੋਂ 'ਨੋਟਿਸ ਆਫ ਇੰਟੈਂਸ਼ਨ ਟੂ ਕੈਂਸਲ' (ਕੈਂਸਲ ਕਰਨ ਦੇ ਇਰਾਦੇ ਦਾ ਨੋਟਿਸ) ਪਰ੍ਾਪਤ ਹੋਵੇਗਾ। ਸਥਾਈ ਅਤੇ ਅਸਥਾਈ ਦੋਨਾਂ ਤਰੀਕੇ ਦੇ ਵੀਜ਼ੇ ਕੈਂਸਲ ਕੀਤੇ ਜਾ ਸਕਦੇ ਹਨ। <u>ਇਸ ਨੋਟਿਸ ਦਾ ਜਵਾਬ ਦੇਣ ਦੀ ਸਮੇਂ-ਸੀਮਾ ਬਹੁਤ ਸਖਤ ਹੁੰਦੀ ਹੈ ਅਤੇ ਪੰਜ ਕੰਮਕਾਜੀ ਦਿਨਾਂ ਜਿੰਨੀ ਘੱਟ ਵੀ ਹੋ ਸਕਦੇ ਹੈ।</u>

ਕੋਈ ਜਵਾਬ ਨਾ ਦੇਣ ਤੇ ਡਿਪਾਰਟਮੈਂਟ ਆਫ ਹੋਮ ਅਫੇਅਰਸ ਵੀਜ਼ਾ ਕੈਂਸਲ ਕਰਨ ਦਾ ਫੈਸਲਾ ਲੈ ਸਕਦੇ ਹਨ। <u>ਨੋਟਿਸ ਨੂੰ ਪੜ੍ਹਨਾ ਬਹੁਤ ਜਰੂਰੀ ਹੈ ਤਾਂ ਕਿ ਇਹ ਪਤਾ ਚੱਲ ਸਕੇ ਕਿ ਜਵਾਬ ਦੇ ਲਈ ਤੁਹਾਡੇ ਕੋਲ ਸਹੀ ਸਮੇਂ-ਸੀਮਾ ਕੀ ਹੈ।</u>

ਜੇ ਨੋਟਿਸ ਤੁਹਾਨੂੰ ਹੱਥੋਂ-ਹੱਥ ਫੜਾਇਆ ਗਿਆ ਹੈ ਤਾਂ ਤੁਹਾਡਾ ਵੀਜ਼ਾ ਉਸੇ ਵਕਤ ਕੈਂਸਲ (ਰੱਦ) ਕੀਤਾ ਜਾ ਸਕਦਾ ਹੈ ਜੇ ਅਜਿਹਾ ਹੁੰਦਾ ਹੈ ਤਾਂ ਜਵਾਬ ਦੇਣ ਦੇ ਲਈ ਉਚਿਤ ਸਮਾਂ ਮੰਗੋ।

# ਜੇਕਰ ਤੁਹਾਨੂੰ ਕੈਂਸਲ ਕਰਨ ਦੇ ਇਰਾਦੇ ਦਾ ਨੋਟਿਸ ਮਿਲਦਾ ਹੈ ਤਾਂ ਇਹ ਕਦਮ ਚੁੱਕੋ

**1**

ਨੋਟਿਸ ਨੂੰ ਚੰਗੀ ਤਰ੍ਹਾਂ ਨਾਲ ਪੜ੍ਹੋ ਅਤੇ ਧਿਆਨ ਦਿਉ ਕਿ ਸਬੰਧਤ ਜਵਾਬ ਦੇਣ ਦੇ ਲਈ ਕੀ ਸਮੇਂ-ਸੇਮਾ ਦਿੱਤੀ ਗਈ ਹੈ।

**2**

ਸਲਾਹ ਲਈ ਤੁਰੰਤ ਹੀ ਕਿਸੇ ਪਰਵਾਸੀ ਮਾਮਲਿਆਂ ਦੇ ਵਕੀਲ ਜਾਂ ਏਜੰਟ ਦੇ ਨਾਲ ਸੰਪਰਕ ਕਰੋ।

**3**

ਤੁਹਾਡੇ ਵਕੀਲ/ਏਜੰਟ ਦੀ ਸਹਾਇਤਾ ਨਾਲ ਡਿਪਾਰਟਮੈਂਟ ਆਫ ਹੋਮ ਅਫੇਅਰਸ (ਪਰਵਾਸੀ ਮਾਮਲਿਆਂ ਦੇ ਵਿਭਾਗ) ਨੂੰ ਕੈਂਸਲ ਕਰਨ ਦੇ ਇਰਾਦੇ ਦੇ ਨੋਟਿਸ ਦੀ ਸਮੇਂ-ਸੀਮਾ ਦੇ ਅੰਦਰ-ਅੰਦਰ ਜਵਾਬ ਭੇਜੋ।